## ਭਗਤ ਕਬੀਰ - ਸਬਦ ੨

### ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ ॥

### ਰਾਗੁ ਸਿਰੀਰਾਗੁ, ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ੯੨

ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ ॥
ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ ॥੧॥
ਰਾਜਾ ਰਾਮ ਅਨਹਦ ਕਿੰਗੁਰੀ ਬਾਜੈ ॥
ਜਾ ਕੀ ਦਿਸਟਿ ਨਾਦ ਲਿਵ ਲਾਗੈ ॥੧॥ ਰਹਾਉ ॥
ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ ॥
ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ ॥੨॥
ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ ॥
ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ ॥੩॥
ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥
ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥੩॥

**ਸਾਰ:** ਪ੍ਰਭਾਵਸ਼ਾਲੀ ਸਿਖਿਆ ਲਈ ਖੁੱਲ੍ਹ ਦਿਲੀ ਨੂੰ ਇੱਕ ਵੱਡਾ ਸਾਧਨ ਮੰਨਿਆ ਜਾਂਦਾ ਹੈ। ਕੁਦਰਤ ਦਾ ਅਨੰਤ ਵਿਸਤਾਰ ਅਨੁਭਵਾਂ ਨਾਲ ਭਰਪੂਰ ਹੈ ਜੋ ਨਿਰੰਤਰ ਦ੍ਰਿਸ਼ਟੀਕੋਣਾਂ ਨੂੰ ਸਿਰਜਦਾ ਹੈ। ਉਦਾਹਰਣ ਦੇ ਤੌਰ ਤੇ ਪਰਾਲੌਕਿਕ ਧੁਨੀ ਦੇ ਗਿਆਨ ਵਿਚ ਖੁਦ ਨੂੰ ਇਕਸੁਰ ਕਰਨ ਨਾਲ ਸਾਡੇ ਅੰਦਰ ਦੀ ਸਚੀ ਸ਼ਕਤੀ ਜਾਗਦੀ ਹੈ ਜੋ ਸਾਨੂੰ ਹੱਦਬੰਦੀਆਂ ਤੋਂ ਪਾਰ ਫੈਲੀ ਉਸ ਸਰਬ-ਵਿਆਪਕ ਊਰਜਾ ਨਾਲ ਜੋੜ ਸਕਦੀ ਹੈ, ਜੋ ਅਨੰਤਤਾ ਵਿੱਚ ਥਰਥਰਾਉਂਦੀ ਅਤੇ ਗੂੰਜਦੀ ਹੈ।

ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ ॥
ਧਾਰਮਿਕ ਵਿਦਵਾਨ ਸੁਣਦੇ ਹਨ ਅਤੇ ਏਕਤਾ ਦੇ ਅਜੂਬਿਆਂ ਨੂੰ ਜਜ਼ਬ ਕਰਦੇ ਹਨ ਕਿਉਂਕਿ ਸਮਝਣ ਲਈ ਹੋਰ ਕੁਝ ਨਹੀਂ ਹੈ।

ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ ॥੧॥

ਦੇਵਤੇ, ਆਮ ਲੋਕ, ਸ਼ਰਧਾਲੂ ਅਤੇ ਸੰਗੀਤਕਾਰ ਉਸ ਸ਼ਕਤੀ ਦੁਆਰਾ ਮੋਹਿਤ ਹੁੰਦੇ ਹਨ ਜੋ ਆਕਾਸ਼, ਪਾਤਾਲ ਅਤੇ ਧਰਤੀ ਨੂੰ ਇਕੱਠਾ ਰੱਖਦੀ ਹੈ। (੧)

ਰਾਜਾ ਰਾਮ ਅਨਹਦ ਕਿੰਗੁਰੀ ਬਾਜੈ ॥

ਸਰਵਉਚ ਸਰਬ-ਵਿਆਪਕ ਚੇਤਨਾ ਬੇਅੰਤ ਊਰਜਾ ਹੈ ਜੋ ਥਰਥਰਾਉਂਦੀ ਅਤੇ ਅਨੰਤ ਗੂੰਜਦੀ ਹੈ।

ਜਾ ਕੀ ਦਿਸਟਿ ਨਾਦ ਲਿਵ ਲਾਗੈ ॥੧॥ ਰਹਾਉ ॥

ਆਪਣੀ ਰੂਹਾਨੀ ਦ੍ਰਿਸ਼ਟੀ ਨਾਲ, ਕੋਈ ਆਪਣੇ ਆਪ ਨੂੰ ਪਰਾਲੋਕਿਕ ਧੁਨੀ ਦੇ ਗਿਆਨ ਵਿੱਚ ਲੀਨ ਕਰ ਸਕਦਾ ਹੈ। (੧)(ਠਹਿਰਾਉ)

ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ ॥

ਖੁਲ੍ਹੇ ਅਸਮਾਨ ਦੀ ਤਰ੍ਹਾਂ ਵਿਸ਼ਾਲ ਮਨ ਇੱਕ ਰਸਾਇਣਕ ਭੱਠੀ ਵਾਂਗ ਹੈ ਜੋ ਸਾਡੇ ਵਿਚਾਰਾਂ ਨੂੰ ਰੂਪਾਂਤ੍ਰਿਤ ਕਰਦਾ ਹੈ। ਤਾਰਕਿਕ ਸੋਚ (ਸਿਙਿਆ) ਅਤੇ ਸਹਿਜਾਤਮਿਕ ਸੋਚ (ਚੁੰਙਿਆ) ਦੋ ਨਾਲੀਆਂ ਹਨ ਜੋ ਇਕ ਸਾਥ ਇਕਠਿਆਂ ਹੋ ਸੋਨੇ ਰੂਪੀ ਭਾਂਡੇ ਅੰਦਰ ਏਕਤਾ ਦੀ ਭਾਵਨਾ ਰੂਪੀ ਅਰਕ ਪਾਉਂਦੀਆਂ ਹਨ- ਜੋ ਮਨੁਖਾ ਦੇਹੀ ਦਾ ਪ੍ਰਤੀਕ ਹੈ।

ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ ॥੨॥

ਸੁਨਹਿਰੀ ਭਾਂਡਾ ਮਨੁਖਾ ਦੇਹੀ ਦਾ ਪ੍ਰਤੀਕ ਹੈ ਜੋ ਰੂਹਾਨੀ ਅੰਮ੍ਰਿਤ ਨਾਲ ਵਹਿੰਦੀ ਚੇਤਨਾ ਨੂੰ ਸੰਭਾਲਦਾ ਹੈ ਜਿਸਦਾ ਸੇਵਨ ਕਰਨ ਨਾਲ, ਸਦੀਵੀ ਸ੍ਰੇਸ਼ਟ ਅਨੰਦ ਮਿਲਦਾ ਹੈ। (੨)

ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ ॥

ਸਭ ਤੋਂ ਅਨੋਖਾ ਪਰਪੰਚ ਇਹ ਹੈ ਕਿ ਸਿਰਜਣਹਾਰ ਨੇ ਸਰੀਰ ਨੂੰ ਸਾਹ ਨੂੰ ਸੰਭਾਲਣ ਵਾਲੇ ਇੱਕ ਭਾਂਡੇ ਦੇ ਰੂਪ ਵਜੋਂ ਤਿਆਰ ਕੀਤਾ ਹੈ, ਇਕ ਅੰਮ੍ਰਿਤ ਭਰੇ ਪਿਆਲੇ ਦੀ ਤਰ੍ਹਾਂ।

ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ ॥੩॥

ਤਿੰਨਾਂ ਲੋਕਾਂ ਵਿੱਚ, ਕੇਵਲ ਇੱਕ ਹੀ ਸਰਵ ਵਿਆਪਕ ਊਰਜਾ ਹੈ। ਇਸ ਲਈ ਕੋਈ ਆਪਣੇ ਆਪ ਨੂੰ ਜਾਗਰੂਕ ਜਾਂ ਰਾਜਾ ਕਿਉਂ ਕਹਾਉਂਦਾ ਹੈ? (੩)

ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥

ਪਰਮ ਪ੍ਰਭੂਸੱਤਾ ਦੀ ਸਰਬ-ਵਿਆਪਕਤਾ ਦੇ ਇਸ ਗੰਭੀਰ ਗਿਆਨ ਨੇ ਮੇਰੇ ਅਸਤਿਤਵ ਨੂੰ ਪ੍ਰਕਾਸ਼ਮਾਨ ਕੀਤਾ ਹੈ। ਕਬੀਰ ਆਖਦੇ ਹਨ ਕਿ ਮੈਂ ਏਕਤਾ ਦੇ ਪ੍ਰੇਮ ਵਿੱਚ ਰੰਗਿਆ ਹੋਇਆ ਹਾਂ।

ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥੩॥

ਬਾਕੀ ਸਾਰਾ ਸੰਸਾਰ ਦਵੈਤ-ਭਾਵ ਨਾਲ ਕੁਰਾਹੇ ਪਿਆ ਹੋਇਆ ਹੈ, ਜਦ ਕਿ ਮੇਰਾ ਮਨ ਇਸ ਤੱਤ ਵਿੱਚ ਮਗਨ ਹੈ ਕਿ ਏਕਤਾ ਸ੍ਰੇਸ਼ਟ ਆਨੰਦ ਦਾ ਨਿਵਾਸ ਹੈ। (੪)(੩)

**ਤੱਤ:** ਭਗਤ ਕਬੀਰ ਕਹਿੰਦੇ ਹਨ ਕਿ ਅੰਤਰ ਆਤਮ ਜਾਂ ਸ਼ੁਧ ਚੇਤਨਾ ਵਿੱਚ ਡੂੰਘਾ ਉਤਰਨ ਨਾਲ ਇਹ ਸੂਝ ਪ੍ਰਗਟ ਹੋ ਗਈ ਹੈ ਕਿ ਇੱਕ ਊਰਜਾ ਸਾਰੀ ਸ੍ਰਿਸ਼ਟੀ ਦਾ ਮੂਲ ਹੈ। ਉਹ ਪੁਰਜ਼ੋਰ ਤਾਕੀਦ ਕਰਦੇ ਹਨ ਕਿ ਬਾਕੀ ਸਭ ਕੁਝ ਇਕ ਭਰਮ ਹੈ, ਤੇ ਇਹ ਰਹੱਸਮਈ ਵਰਤਾਰਾ ਉਨ੍ਹਾਂ ਦੇ ਅੰਦਰ ਨੂੰ ਸੰਪੂਰਨ ਸ੍ਰਿਸ਼ਟੀ ਪ੍ਰਤੀ ਦਿਲੀ ਪਿਆਰ ਨਾਲ ਭਰ ਦਿੰਦਾ ਹੈ। ਇਸ ਦ੍ਰਿਸ਼ਟੀਕੋਣ ਰਾਹੀਂ ਉਹ ਸਾਨੂੰ ਹੋਂਦ ਦੀ ਸੁੰਦਰਤਾ ਨੂੰ ਸਲਾਹੁਣ ਅਤੇ ਮਾਨਣ ਲਈ ਪ੍ਰੇਰਿਤ ਕਰਦੇ ਹਨ, ਅਤੇ ਜੀਵਨ ਦੇ ਹਰ ਪਹਿਲੂ ਅੰਦਰ ਦੈਵੀ ਹੋਂਦ ਨੂੰ ਸਵੀਕਾਰਨ ਦੀ ਸਲਾਹ ਦਿੰਦੇ ਹਨ ।

---


ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** [OnenessInDiversity.com](OnenessInDiversity.com)

**ਈਮੇਲ: onenessindiversityfoundation@gmail.com**